# ਸਰਬੱਤ ਖ਼ਾਲਸਾ

# Sarbat Khalsa

ਗੁਰਮਤਿ ਸਿਧਾਂਤ ਪੰਚ-ਪ੍ਰਧਾਨੀ ਜੁਗਤਿ


ਮਿਤੀ: ੬ ਜੂਨ ੨੦੨੫

## ਵਿਸ਼ਾ: ਜੂਨ-੮੪ ਘਲੂਘਾਰੇ ਨੂੰ ਯਾਦ ਕਰਦਿਆਂ ਕੌਮ ਦੇ ਨਾਮ ਸੰਦੇਸ਼

**ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ**

ਹਰ ਸਾਰ ਜੂਨ ਦਾ ਪਹਿਲਾ ਹਫ਼ਤਾ ਚੜਦਿਆਂ ਹੀ ਹਰ ਸਿੱਖ ਅਸਿਹ ਕੌਮੀ ਦਰਦ ਦਾ ਇਹਸਾਸ ਕਰਦਾ ਹੈ। ਇਹ ਉਹ ਜ਼ਖਮ ਨੇ ਜੋ ੪੧ ਸਾਲ ਬੀਤ ਜਾਣ ਤੋਂ ਬਾਅਦ ਵੀ ਰਿਸ ਰਹੇ ਹਨ।

ਇਸ ਵਰਤਾਰੇ ਦਾ ਵੇਖਾਈ ਦੇਣ ਵਾਲੇ ਪੱਖ ਸਮੇਂ ਦੀ ਸਰਕਾਰ ਵੱਲੋਂ ਉਹ ਘਿਨੌਣੀ ਕਰੂਰਤਾ ਹੈ ਜਿਸ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ, ਅਕਾਲ ਤੱਖਤ ਤੇ ਹਮਲਾ ਕਰ ਕੇ ਢਾਹ-ਢੇਰੀ ਕਰਨਾ, ਹਜ਼ਾਰਾਂ ਬੇਗੁਨਾਹਾਂ ਦਾ ਬੇਰਿਹਮੀ ਨਾਲ ਕਤਲ ਕਰਨਾ ਜਿਸ ਵਿੱਚ ਜੁਆਨਾ ਦੇ ਨਾਲ-ਨਾਲ, ਬੱਚੇ, ਬਜ਼ੁਰਗ ਅਤੇ ਬੀਬੀਆਂ ਵੀ ਸਨ।
ਪਰ ਜੇਕਰ ਇਹਨਾ ਜ਼ਖਮਾਂ ਨੂੰ ਸੂਰਜ ਬਣਾਉਨਾ ਹੈ ਤਾਂ ਇਸ ਵਰਤਾਰੇ ਦੇ ਪਿਛੇ ਕੰਮ ਕਰਨ "ਪੰਜ ਸਦੀਆਂ ਦਾ ਵੈਰ" ਵਾਲੀ ਅਦਿੱਖ ਬ੍ਰਾਹਮਣਵਾਦੀ ਵਿਚਾਰਧਾਰਾ ਦੇ ਨਾਲ ਨਜਿਠਣਾ ਪਵੇਗਾ।

ਇਤਿਹਾਸ ਗਵਾਹ ਹੈ ਕਿ ਸਿੱਖ ਘਲੂਘਾਰਿਆਂ ਨਾਲ ਹੋਈ ਸ਼ਰੀਰਕ ਮੌਤ ਨਾਲ ਨਹੀਂ ਮਰਦਾ, ਸਿੱਖ ਦੀ ਮੌਤ ਗੁਰੂ-ਸ਼ਬਦ ਨਾਲੋਂ ਟੁਟਣ ਨਾਲ ਹੁੰਦੀ ਹੈ। ਬ੍ਰਾਹਮਣਵਾਦੀ ਵਿਚਾਰਧਾਰਾ ਇਹ ਹੀ ਕੰਮ ਕਰਦੀ ਹੈ ਕਿ ਇਹ ਸਿੱਖ ਨੂੰ ਭਰਮਾਂ ਵਿੱਚ ਪਾ ਕੇ ਸੱਚ ਤੇ ਝੂਠ ਵਿੱਚ ਪਛਾਣ ਕਰਨ ਦੀ ਕਾਬਲਿਅਤ ਖਤਮ ਕਰ ਦਿੰਦੀ ਹੈ। ਫਿਰ ਸਿੱਖ ਦੋਸਤ ਤੇ ਦੁਸ਼ਮਨ ਵਿੱਚ ਪਛਾਣ ਵੀ ਨਹੀਂ ਕਰ ਪਾਉਂਦਾ। ਪਛਾਣ ਖਤਮ ਹੋਣ ਕਰਕੇ ਹੀ ੧੯੪੭ ਵਿੱਚ ਜਿਸਨੂੰ ਸਿੱਖਾਂ ਨੇ ਆਪਣਾ ਦੋਸਤ ਸਮਝਿਆ ਸੀ ਉਸੇ ਨੇ ਨਾਸੂਰ ਜ਼ਖਮ ਦਿੱਤੇ।

ਜੂਨ ੮੪ ਵਿੱਚ ਹਮਲੇ ਦਾ ਉਹ ਦਿਨ ਚੁਣਿਆ ਗਿਆ ਜਦ ਕੌਮ ਗੁਰੂ ਅਰਜਨ ਸਾਹਿਬ ਜੀ ਦਾ ਸ਼ਹੀਦੀ ਪੁਰਬ ਮਨਾ ਰਹੀ ਸੀ। ਗੁਰੂ ਸਾਹਿਬ ਜੀ ਨੂੰ ਸ਼ਹੀਦ ਕਰਨ ਦਾ ਜਿਥੇ ਫੁਰਮਾਨ ਜਹਾਂਗੀਰ ਦਾ ਸੀ, ਪਰ ਉਸ ਉਕਸਾਉਣ ਵਿੱਚ ਸਭ ਤੋਂ ਅੱਗੇ ਚੰਦੂ ਸੀ। ਉਸ ਸਮੇਂ ਗੁਰੂ ਸਾਹਿਬ ਜੀ ਨੇ ਸਿੱਖਾਂ ਨੂੰ ਪਛਾਣ ਕਰਨੀ ਸਿਖਾਈ ਅਤੇ ਚੰਦੂ ਨੂੰ ਲਾਹੌਰ ਦੀ ਗਲੀਆਂ ਵਿੱਚ ਨਕੇਲ ਪਾਕੇ ਘੁਮਾਇਆ ਅਤੇ ਨਰਕੀ ਕੁੰਭ ਦਾ ਦੰਡ ਦਿੱਤਾ। ਜੂਨ ੮੪ ਵਿੱਚ ਵੀ ਜਿਥੇ ਫੁਰਮਾਨ ਕਾਂਗਰਸ ਸਰਕਾਰ ਦਾ ਸੀ, ਪਰ ਉਸਚਾਉਣ ਵਿੱਚ ਸਭ ਤੋਂ ਅੱਗੇ ਚੰਦੂ ਵਾਂਗ ਜਨ-ਸੰਘ (ਹੁਣ ਬੀਜੇਪੀ) ਸੀ। ਪਰ ਪਛਾਣ ਗੁਆ ਚੁਕੇ ਕੌਮ ਦੇ ਲੀਡਰਾਂ ਨੇ ਕਈ ਦਹਾਕੇ ਉਸੇ ਵਿਚਾਰਧਾਰਾ ਵਾਲਿਆਂ ਨਾਲ ਰਾਜਨੀਤਕ ਸਮਝੌਤਾ ਕਰੀ ਰੱਖਿਆ। ਅਤੇ ਹੁਣ ਕੌਮ ਦੀ ਅਗਵਾਈ ਕਰਨ ਦਾ ਦੰਭ ਭਰਨ ਵਾਲੀਆਂ ਕੁਝ ਧਾਰਮਕ ਜਥੇਬੰਦੀਆਂ ਅਤੇ ਸ਼ਖਸੀਆਤਾਂ ਖੁਲ ਕੇ ਉਸਦਾ ਸਾਥ ਦੇ ਰਹੀਆਂ ਹਨ ਜੋ ਸਿੱਖ ਧਰਮ ਦੀ ਵੱਖਰੀ ਹੋਂਦ ਤੋਂ ਹੀ ਮੁਨਕਰ ਹਨ।

**ਸੱਚ ਤੇ ਝੂਠ ਵਿੱਚ ਤਕਰਾਰ ਹਮੇਸ਼ਾ ਹੀ ਰਹਿੰਦਾ ਹੈ। ਗਰੁ ਨਾਨਕ ਦੀ ਵਿਚਾਰਧਾਰਾ 'ਸਚੁ ਕੋਟੁ ਸਤਾਣੀ ਨੀਵ ਦੈ' ਤੇ ਖੜੀ ਹੈ ਤੇ ਝੂਠ 'ਭਰਮ ਮੋਹ ਅਗਿਆਨ ਅੰਧਾਰ' ਤੇ ਟਿਕਿਆ ਹੈ।**
**ਰਾਜ ਕਦੇ ਵੀ ਸਦਾ ਨਹੀਂ ਰਹਿੰਦੇ। ਮੁਗਲ, ਅਫਗਾਨ, ਅੰਗਰੇਜ ਜਾਂ ਹਿੰਦੁਤਵੀ ਰਾਜ ਸਭ ਆਣੇ-ਜਾਨੇ ਹਨ। ਇਥੇ ਤਕ ਕਿ ਸਰਕਾਰ-ਏ-ਖ਼ਾਲਸਾ ਵੀ ਆਈ ਤੇ ਚਲੀ ਗਈ। ਗੁਰਮਤਿ ਦੀ ਕਾਈਮੀ ਆਉਣ-ਜਾਣ ਵਾਲੇ ਰਾਜ ਤੇ ਨਿਰਭਰ ਨਹੀਂ।**

**ਅੱਜ ਲੋੜ ਹੈ ਸ਼ਬਦ-ਗੁਰੂ ਨੂੰ ਸਮਰਪਿਤ ਗੁਰਸਿੱਖ ਇੱਕ ਮੰਚ ਤੇ ਇੱਕਠੇ ਹੋਣ ਅਤੇ ਗੁਰਬਾਣੀ ਦੇ ਚਾਣਨ ਵਿੱਚ ਸੱਚ ਤੇ ਝੂਠ ਦਾ ਨਿਬੇੜਾ ਕਰ ਕੇ ਕੌਮੀ ਫੈਸਲੇ ਕਰਨ। ਗੁਰ-ਸ਼ਬਦ ਦੇ ਚਾਣਨ ਵਿੱਚ ਸੱਚ ਤੇ ਝੂਠ ਦੀ ਪਛਾਣ ਜ਼ਰੂਰੀ ਹੈ ਜੋ ਹਰ ਸਮੇਂ ਸਿੱਖ ਦੀ ਸੁਚੱਜੀ ਅਗਵਾਈ ਕਰੇ- ਸੋ ਸਤਿਗੁਰੁ ਧਨੁ ਧੰਨੁ ਜਿਨਿ ਭਰਮ ਗੜੁ ਤੋੜਿਆ॥**

**ਸਰਬੱਤ ਖ਼ਾਲਸਾ ਦੇ ਸੰਕਲਪ ਅਤੇ ਪੰਚ-ਪ੍ਰਧਾਨੀ ਜੁਗਤ ਵਿੱਚੋਂ ਹੀ ਇਹ ਸਾਂਝਾ ਕੌਮੀ ਮੰਚ ਮਿਲ ਸਕਦਾ ਹੈ। ਇਸੇ ਮੰਤਵ ਦੀ ਪੂਰਤੀ ਲਈ ਪਿਛਲੇ ਕੁਝ ਸਮੇਂ ਤੋਂ ਦੇਸ਼-ਵਿਦੇਸ਼ ਤੋਂ ਗੁਰਸਿੱਖ ਵੀਰ-ਭੈਣਾ ਮਿਲ ਬੈਠ ਕੇ ਸਰਬੱਤ ਖ਼ਾਲਸਾ ਨੂੰ ਮੁੜ ਸੁਰਜੀਤ ਕਰਨ ਦੇ ਉਪਰਾਲੇ ਕਰ ਰਹੇ ਹਨ। ਸਮੁਚੀ ਸਿੱਖ ਕੌਮ ਅੱਗੇ ਬੇਨਤੀ ਹੈ ਕੀ ਸਿਧਾਂਤਕ ਪਹਿਰੇਦਾਰੀ ਅਤੇ ਪੰਥਕ ਭਲਾਈ ਲਈ ਇਸ ਉਪਰਾਲੇ ਨਾਲ ਜੁੜੋ ਅਤੇ ਆਪਣੇ ਕੌਮੀ ਮੱਸਲੇ ਆਪਣੇ ਹੱਥ ਲੈਕੇ ਹਲ ਕਰੋ- 'ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ ॥'**

**ਵੱਲੋਂ ਪੰਜ ਪ੍ਰਧਾਨੀ ਕੌਂਸਲ:**
**ਸ: ਨਿਰਮਲ ਸਿੰਘ (ਵਿਕਟੋਰੀਆ ਕੈਨੇਡਾ), ਸ: ਗੁਰਪ੍ਰੀਤ ਸਿੰਘ ਜੀਪੀ (ਬਹਿਰੀਨ), ਡਾ: ਖੁਸ਼ਹਾਲ ਸਿੰਘ (ਚੰਡੀਗੜ), ਗਿਆਨੀ ਅੰਮ੍ਰਿਤਪਾਲ ਸਿੰਘ (ਲੁਧਿਆਣਾ), ਸ: ਸਤਬੀਰ ਸਿੰਘ (ਦਿੱਲੀ)।**